# ਖੇਤੀਬਾੜੀ ਦਾ ਇਤਿਹਾਸ: ਮਹਿੰਦਰ ਸਿੰਘ ਰੰਧਾਵਾ ਦੀ ਖੋਜ ਦੇ ਪ੍ਰਸੰਗ ਵਿੱਚ

***ਡਾ: ਸੁਖਜੀਤ ਕੌਰ**

*** ਅਸਿਸਟੈਂਟ ਪ੍ਰੋਫੈਸਰ: ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ**

**ਐਬਸਟ੍ਰੈਕਟ**

ਐੱਮ.ਐੱਸ ਰੰਧਾਵਾ ਦੀ ਸ਼ਖਸੀਅਤ ਇੱਕ ਬਹੁਪੱਖੀ ਸ਼ਖਸੀਅਤ ਹੈ। ਉਹ ਸਾਹਿਤਕਾਰਾਂ ਲਈ ਸਹਿਤ ਰਸੀਏ, ਵਿਗਿਆਨਕਾਂ ਲਈ ਵਿਗਿਆਨ-ਕਰਤਾ । ਉਹਨਾਂ ਦੀ ਪੰਜਾਬ ਨੂੰ ਮਹਾਨ ਦੇਣ ਪੰਜਾਬ ਦੀ ਕਿਸਾਨੀ ਅਤੇ ਖੇਤੀਬਾੜੀ ਨੂੰ ਉੱਨਤ ਕਰਨਾ ਸੀ। ਉਹ ਅਜ਼ਾਦੀ ਤੋਂ ਬਾਅਦ ਖੇਤੀਬਾੜੀ ਨਾਲ ਸਬੰਧਿਤ ਕਈ ਅਹੁਦਿਆਂ ਤੇ ਜਿਵੇਂ ਡਾਇਰੈਕਟਰ ਜਨਰਲ ਅਤੇ ਵਾਈਸ ਪ੍ਰੈਜੀਡੈਂਟ ਆਫ ਆਈ.ਸੀ.ਏ.ਆਰ ਅਤੇ ਵਾਈਸ ਚਾਸਲਰ ਆਫ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਰਹੇ[2]। ਜਿਸ ਕਾਰਨ ਉਹਨਾਂ ਨੂੰ ਪੰਜਾਬ ਦੇ ਕਿਸਾਨਾਂ ਲਈ ਕੰਮ ਕਰਨ ਦਾ ਮੌਕਾ ਮਿਲਿਆ।

**KEYWORDS:** ਐੱਮ.ਐੱਸ ਰੰਧਾਵਾ   ਸ਼ਖਸੀਅਤ   ਜਾਗ੍ਰਿਤ ਖੇਤੀਬਾੜੀ   ਕ੍ਰਾਂਤੀ  ਤਰੱਕੀ   ਹਰੀ ਕ੍ਰਾਂਤੀ

**ਭੂਮਿਕਾ**: ਐੱਮ.ਐੱਸ ਰੰਧਾਵਾ ਦੀ ਸ਼ਖਸੀਅਤ ਇੱਕ ਬਹੁਪੱਖੀ ਸ਼ਖਸੀਅਤ ਹੈ। ਆਪ ਕਲਾਕਾਰਾਂ ਲਈ ਕਲਾਪ੍ਰਸਤ, ਸਾਹਿਤਕਾਰਾਂ ਲਈ ਸਹਿਤ ਰਸੀਏ, ਵਿਗਿਆਨਕਾਂ ਲਈ ਵਿਗਿਆਨ-ਕਰਤਾ ਪੇਂਡੂਆਂ ਲਈ ਪਿੰਡ ਸੁਧਾਰਕ ਤੇ ਜੱਟਾਂ ਲਈ ਜੱਟਾਂ ਦੇ ਜੱਟ ਸਨ[1]। ਅੱਜ ਵੀ ਹਜ਼ਾਰਾਂ ਲੋਕ ਉਹਨਾਂ ਦਾ ਨਾਮ ਸੁਣਦਿਆਂ ਹੀ ਸਤਿਕਾਰ ਨਾਲ ਭਰ ਜਾਂਦੇ ਹਨ। ਉਹਨਾਂ ਨੇ ਨਾ ਸਿਰਫ ਵਿਚਾਰ ਤੇ ਸੁਪਨੇ ਸਜਾਏ ਬਲਕਿ ਉਹਨਾਂ ਨੂੰ ਪੂਰਾ ਵੀ ਕੀਤਾ। ਉਹ ਆਪਣੇ ਆਪ ਵਿੱਚ ਇੱਕ ਸੰਸਥਾ ਸਨ। ਉਹਨਾਂ ਦੀ ਪੰਜਾਬ ਨੂੰ ਮਹਾਨ ਦੇਣ ਪੰਜਾਬ ਦੀ ਕਿਸਾਨੀ ਅਤੇ ਖੇਤੀਬਾੜੀ ਨੂੰ ਉੱਨਤ ਕਰਨਾ ਸੀ। ਉਹ ਅਜ਼ਾਦੀ ਤੋਂ ਬਾਅਦ ਖੇਤੀਬਾੜੀ ਨਾਲ ਸਬੰਧਿਤ ਕਈ ਅਹੁਦਿਆਂ ਤੇ ਜਿਵੇਂ ਡਾਇਰੈਕਟਰ ਜਨਰਲ ਅਤੇ ਵਾਈਸ ਪ੍ਰੈਜੀਡੈਂਟ ਆਫ ਆਈ.ਸੀ.ਏ.ਆਰ ਅਤੇ ਵਾਈਸ ਚਾਸਲਰ ਆਫ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਰਹੇ[2]। ਜਿਸ ਕਾਰਨ ਉਹਨਾਂ ਨੂੰ ਪੰਜਾਬ ਦੇ ਕਿਸਾਨਾਂ ਲਈ ਕੰਮ ਕਰਨ ਦਾ ਮੌਕਾ ਮਿਲਿਆ। ਐੱਮ.ਐੱਸ.ਰੰਧਾਵਾ ਦਾ ਜਨਮ 2 ਫਰਵਰੀ 1909 ਨੂੰ ਜ਼ੀਰਾ (ਫਿਰੋਜ਼ਪੁਰ) ਵਿੱਚ ਹੋਇਆ। ਆਪ ਦੇ ਪਿਤਾ ਸ਼ੇਰ ਸਿੰਘ ਰੰਧਾਵਾ ਤੇ ਮਾਤਾ ਬਚਿੰਤ ਕੌਰ ਸਨ। ਇਹਨਾਂ ਦੇ ਪਿਤਾ ਦੀ ਅਕਸਰ ਬਦਲੀ ਹੁੰਦੀ ਰਹਿੰਦੀ ਸੀ ਜਿਸ ਕਾਰਨ ਇਹਨਾਂ ਦੀ ਪੜ੍ਹਾਈ ਵੀ ਅਲੱਗ-ਅਲੱਗ ਜਗ੍ਹਾ ਤੇ ਹੋਈ। ਇਹਨਾਂ ਨੇ ਦਸਵੀਂ ਖਾਲਸਾ ਸਕੂਲ ਮੁਕਤਸਰ ਤੋਂ ਪੂਰੀ ਕੀਤੀ। ਐੱਮ.ਐੱਸ.ਸੀ (ਬੋਟਨੀ) ਗੌਰਮਿੰਟ ਕਾਲਜ ਲਾਹੌਰ ਤੋਂ ਕੀਤੀ। 1934 ਵਿੱਚ ਇਹ ਆਈ.ਸੀ.ਐੱਸ ਵਿੱਚ ਚੁਣੇ ਗਏ। ਇਹਨਾਂ ਨੂੰ ਅਸਿਸਟੈਂਟ ਮਜਿਸਟ੍ਰੇਟ ਦੀ ਨੌਕਰੀ ਸਹਾਰਨਪੁਰ (ਉੱਤਰ ਪ੍ਰਦੇਸ਼) ਵਿੱਚ ਮਿਲੀ। 1942 ਤੋਂ 1945 ਤੱਕ ਇਹ ਰਾਇਬਰੇਲੀ ਦੇ ਡਿਪਟੀ ਕਮਿਸ਼ਨਰ ਵੀ ਰਹੇ। ਜਿੱਥੇ ਇਹਨਾਂ ਨੇ ਬਹੁਤ ਸਾਰੀਆਂ ਕਿਤਾਬਾਂ ਇਕੱਠੀਆਂ ਕਰਕੇ ਇੱਕ ਲਾਇਬਰੇਰੀ ਖੋਲ੍ਹੀ ਜਿਸ ਨੂੰ ਅੱਜ ਮਹਿੰਦਰ ਸਿੰਘ ਰੰਧਾਵਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 1945 ਵਿੱਚ ਐੱਮ.ਐੱਸ. ਰੰਧਾਵਾ ਖੇਤੀਬਾੜੀ ਰਿਸਰਚ ਕੌਂਸਿਲ ਦੇ ਸਕੱਤਰ ਵੀ ਰਹੇ। 1948 ਤੱਕ ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਵੀ ਰਹੇ। ਉਸ ਤੋਂ ਬਾਅਦ ਉਹ ਪੰਜਾਬ ਦੇ ਵਿੱਚ ਆ ਕੇ ਅਲੱਗ ਅਲੱਗ ਅਹੁਦਿਆਂ ਤੇ ਕੰਮ ਕਰਦੇ ਰਹੇ। ਜਿੱਥੇ ਕਿ ਉਹਨਾਂ ਨੂੰ ਖੇਤੀਬਾੜੀ ਨਾਲ ਸੰਬੰਧਿਤ ਅਲੱਗ - ਅਲੱਗ ਅਹੁਦੇ ਦਿੱਤੇ ਗਏ।

ਉਹਨਾਂ ਨੇ ਇਸ ਸਮੇਂ ਪੰਜਾਬ ਦੇ ਕਿਸਾਨਾਂ ਦੀ ਭਲਾਈ ਅਤੇ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਇੱਕ ਵੱਡਾ ਯੋਗਦਾਨ ਪਾਇਆ। ਮਹਿੰਦਰ ਸਿੰਘ ਰੰਧਾਵਾ ਨੇ ਖੇਤੀਬਾੜੀ ਦੇ ਵਿਕਾਸ ਨਾਲ ਸਬੰਧਿਤ

ਬਹੁਤ ਸਾਰੀ ਜਾਣਕਾਰੀ ਦੇ ਕੇ ਪੰਜਾਬ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ[3]।

## ਸਿਧਾਂਤਕ ਪੱਖ :

ਸੰਸਾਰ ਦੀ ਪਹਿਲੀ ਹਰੀ ਕ੍ਰਾਂਤੀ 7000 ਬੀ.ਸੀ ਵਿੱਚ ਪੱਛਮੀ ਏਸ਼ੀਆ ਦੇ ਇਜ਼ਰਾਈਲ, ਐਨਾਤੋਲੀਆ, ਮੈਸੋਪੋਟਾਮੀਆਂ, The Caspian Basin ਅਤੇ ਈਰਾਨੀਆ ਪਲੈਟੂ ਵਿੱਚ ਆਈ ਜਿਸ ਨੂੰ Fertile Crescent ਕਿਹਾ ਜਾਂਦਾ ਹੈ। ਇਸ ਨੂੰ ਖੇਤੀਬਾੜੀ ਦਾ ਜਨਮ ਸਥਾਨ ਕਿਹਾ ਜਾਂਦਾ ਹੈ। ਜਿੱਥੇ ਦੋ ਮੁੱਖ ਫਸਲਾਂ ਕਣਕ ਅਤੇ ਜੌਂ ਸਨ। ਇਸ ਸਮੇਂ ਗਾਂ, ਭੇਡ, ਬੱਕਰੀ ਅਤੇ ਸ਼ੇਰ ਪਾਲੇ ਜਾਂਦੇ ਸਨ ਅਤੇ ਬਾਅਦ ਵਿੱਚ ਘੋੜੇ ਵੀ ਪਾਲੇ ਜਾਣ ਲੱਗ ਪਏ। ਇੱਥੋਂ ਖੇਤੀਬਾੜੀ ਨੇ ਤਰੱਕੀ ਕਰਨੀ ਸ਼ੁਰੂ ਕੀਤੀ ਅਤੇ ਹੌਲੀ-ਹੌਲੀ ਤੀਸਰੇ ਦਹਾਕੇ ਵਿੱਚ ਉੱਤਰੀ ਭਾਰਤ ਸਿੰਧ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਵਿੱਚ ਇਸ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ। ਹੌਲੀ-ਹੌਲੀ ਸੰਸਾਰ ਵਿੱਚ ਨਵੀਆਂ ਫਸਲਾਂ ਆਲੂ, ਸ਼ਕਰਕੰਦੀ, ਅਮਰੂਦ, ਸੇਬ, ਮੱਕੀ, ਯੂਰਪੀ ਦੇਸ਼ਾਂ ਵਿੱਚ ਉਗਾਈਆਂ ਜਾਣ ਲੱਗੀਆਂ। 2500 ਬੀ.ਸੀ ਵਿੱਚ ਪੰਜਾਬ, ਸਿੰਧ, ਰਾਜਸਥਾਨ, ਗੁਜਰਾਤ ਵਿੱਚ ਕਣਕ ਤੇ ਜੌਂ ਤੇ ਕਪਾਹ ਦੀ ਖੇਤੀ ਕੀਤੀ ਜਾਣ ਲੱਗੀ। ਖੇਤੀ ਕਰਨ ਲਈ ਤਾਂਬੇ ਅਤੇ ਪੱਥਰ ਦੇ ਔਜ਼ਾਰਾਂ ਦੀ ਵਰਤੋਂ ਕੀਤੀ ਗਈ ਜਦੋਂ ਆਰੀਆ ਲੋਕ ਪੰਜਾਬ ਵਿੱਚ ਆ ਕੇ ਵਸੇ ਤਾਂ ਉਹਨਾਂ ਨੇ ਜੌਂ ਦੀ ਖੇਤੀ ਕਰਨੀ ਸ਼ੁਰੂ ਕੀਤੀ। ਹੌਲੀ-ਹੌਲੀ ਉਹ ਜੰਗਲ ਸਾਫ ਕਰਕੇ ਪੂਰਬੀ ਭਾਰਤ ਵੱਲ ਵਧੇ। ਇਸ ਸਮੇਂ ਲੋਹੇ ਦੀ ਖੋਜ ਨੇ ਖੇਤੀਬਾੜੀ ਵਿੱਚ ਹੋਰ ਉਨੱਤੀ ਲਿਆਂਦੀ । ਅਸੀਂ ਇਸ ਨੂੰ ਦੂਜੀ ਕ੍ਰਾਂਤੀ ਦਾ ਨਾਮ ਦੇ ਸਕਦੇ ਹਾਂ। ਜਦੋਂ ਰੋਮਨਜ਼ ਨੇ ਫਸਲਾਂ ਨੂੰ ਅਦਲਾ-ਬਦਲੀ ਨਾਲ ਬੀਜਣਾ ਸ਼ੁਰੂ ਕੀਤਾ ਤਾਂ ਖੇਤੀਬਾੜੀ ਵਿੱਚ ਤੀਸਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ[4]।

ਇੰਗਲੈਂਡ ਵਿੱਚ 16ਵੀਂ ਸਦੀ ਵਿੱਚ ਵਪਾਰਿਕ ਕ੍ਰਾਂਤੀ ਦੇਖਣ ਨੂੰ ਮਿਲਦੀ ਹੈ ਜਦੋਂ ਇੰਗਲੈਂਡ ਦਾ ਦੂਸਰੇ ਦੇਸ਼ਾਂ ਨਾਲ ਵਪਾਰ ਵਧਿਆ। ਹੌਲੀ-ਹੌਲੀ ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਹੋਈ।ਜੈਥਰੋ ਟਲ (1674-1741) ਜੋ ਔਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹਿਆ ਸੀ ਨੇ ਇੰਗਲੈਂਡ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਉਸ ਨੇ Seed Drill ਦੀ ਖੋਜ ਕੀਤੀ ਐਨਡਰੀਓ ਮੈਕਿਲ ਨੇ 1784 ਵਿੱਚ ਥਰੈਸ਼ਰ ਮਸ਼ੀਨ ਦੀ ਖੋਜ ਕੀਤੀ। ਇਸ ਨਾਲ ਕਣਕ ਦੀ ਪੈਦਾਵਾਰ ਵਿੱਚ ਭਾਰੀ ਵਾਧਾ ਹੋਇਆ।ਫਰਾਂਸੀਸੀ ਕ੍ਰਾਂਤੀਤਕ ਪਹੁੰਚਦੇ- ਪਹੁੰਚਦੇ ਯੂਰਪ ਵਿੱਚ ਖੇਤੀਬਾੜੀ ਵਿੱਚ ਭਾਰੀ ਉਤਪਾਦਨ ਮਹਿਸੂਸ ਕੀਤਾ ਗਿਆ।

ਉਸ ਸਮੇਂ ਅਮਰੀਕਾ ਵਿੱਚ ਵੀ ਇੰਗਲੈਂਡ ਨੇ ਆਪਣੀਆਂ ਬਸਤੀਆਂ ਸਥਾਪਿਤ ਕੀਤੀਆਂ ਪਰ ਅਮਰੀਕੀ ਵਾਸੀਆਂ ਵਿੱਚ ਜਾਗ੍ਰਿਤੀ ਕਾਰਨ ਉਹਨਾਂ ਨੇ ਖੇਤੀਬਾੜੀ ਦਾ ਵਿਕਾਸ ਕਰਨਾ ਸ਼ੁਰੂ ਕੀਤਾ। 1840-50 ਵਿੱਚ ਰੇਲਵੇ ਆਉਣ ਨਾਲ ਅਮਰੀਕਾ ਵਿੱਚ ਹਰੀ ਕ੍ਰਾਂਤੀ ਦੇਖਣ ਨੂੰ ਮਿਲਦੀ ਹੈ। ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਲੈਂਡ ਗਰਾਂਟ ਕਾਲਜ ਦੀ ਫੈਡਰਲ ਸਰਕਾਰ ਵੱਲੋਂ Morrill Act ਦੇ ਦੁਆਰਾ ਖੋਲ੍ਹਿਆ ਗਿਆ। ਪਹਿਲਾਂ Gasoline ਟਰੈਕਟਰ 1982 ਵਿੱਚ John Froehlich ਵੱਲੋਂ ਜਦੋਂ ਬਣਾਇਆ ਗਿਆ ਤਾਂ ਇਸ ਨੇ ਖੇਤੀਬਾੜੀ ਵਿੱਚ ਬਹੁਤ ਵੱਡਾ ਹਿੱਸਾ ਪਾਇਆ। ਇਸ ਨਾਲ ਖੇਤੀ ਦੇ ਖੇਤਰ ਵਿੱਚ ਬਹੁਤ ਵਾਧਾ ਹੋਇਆ। 1800 ਈ. ਵਿੱਚ ਅਮਰੀਕਾ ਵਿੱਚ 95% ਲੋਕ ਖੇਤੀਬਾੜੀ ਕਰਦੇ ਸਨ। 91% ਲੋਕ ਮਾਰਕਿਟ ਲਈ ਚੀਜ਼ਾਂ ਨਿਰਯਾਤ ਕਰ ਰਹੇ ਸਨ ਇਹ ਸਾਰਾ ਕੁੱਝ ਅਮਰੀਕਾ ਵਿੱਚ ਹੋਈ ਟਰੈਕਟਰ ਦੀ ਖੋਜ ਕਾਰਨ ਹੀ ਸੰਭਵ ਹੋ ਸਕਿਆ ਹੈ।

20ਵੀਂ ਸਦੀ ਵਿੱਚ ਖਾਦਾਂ ਦੇ ਪ੍ਰਯੋਗ ਹੋਣ ਨਾਲ ਖੇਤੀ ਕ੍ਰਾਂਤੀ ਵਿੱਚ ਹੋਰ ਵੀ ਵਾਧਾ ਹੋਇਆ। ਜ਼ਮੀਨ ਵਿੱਚ ਜਿਸ ਵੀ ਚੀਜ਼ ਦੀ ਕਮੀ ਹੁੰਦੀ ਉਸ ਨੂੰ ਖਾਦਾਂ ਦੇ ਉਪਯੋਗ ਨਾਲ ਪੂਰਾ ਕਰ ਲਿਆ ਜਾਂਦਾ। ਨਾਈਟਰੋਜ਼ਨ, ਫਾਸਫੋਰਸ, ਪੋਟਾਸ਼ੀਅਮ ਦਾ ਪ੍ਰਯੋਗ ਖੇਤੀ ਦੇ ਉਪਜਾਊ-ਪਣ ਨੂੰ ਵਧਾਉਣ ਲਈ ਕੀਤਾ ਜਾਣਾ ਸ਼ੁਰੂ ਕਰ ਦਿੱਤਾ ਗਿਆ[5]।

ਪੰਜਾਬ ਭਾਰਤ ਦਾ ਇੱਕ ਛੋਟਾ ਰਾਜ ਹੈ। 6% ਭੂਗੋਲਿਕ ਖੇਤਰ ਹੈ। 2.6% ਫਸਲ ਉਗਾਉਣ ਵਾਲਾ ਖੇਤਰ ਅਤੇ 2.5% ਹਿੱਸੇ ਵਿੱਚ ਜਨਸੰਖਿਆ ਰਹਿੰਦੀ ਹੈ। ਪੰਜਾਬ ਦਾ ਖੇਤੀਬਾੜੀ ਦਾ ਇਤਿਹਾਸ ਹੜੱਪਾ ਸੱਭਿਅਤਾ ਤੋਂ ਸ਼ੁਰੂ ਹੁੰਦਾ ਹੈ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਬਦਲਾਅ ਪੰਜਾਬ ਦੀਆਂ ਸਰਹੱਦਾਂ ਵਿੱਚ ਆਉਂਦੇ ਰਹੇ ਹਨ। ਪਰ ਪੰਜਾਬ ਦੀ 90% ਧਰਤੀ ਪੱਧਰੀ ਹੈ ਤੇ ਖੇਤੀਬਾੜੀ ਲਈ ਬਹੁਤ ਉਨੱਤ ਹੈ। ਇੱਥੇ ਵਗਣ ਵਾਲੇ ਦਰਿਆਵਾਂ ਸਤਲੁਜ, ਬਿਆਸ, ਰਾਵੀ ਨੇ ਵੀ ਇਸ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਸਭ ਤੋਂ ਵੱਡਾ ਯੋਗਦਾਨ ਮਨੁੱਖੀ ਤੱਤਾਂ ਦਾ ਹੁੰਦਾ ਹੈ ਜੋ ਭਾਰਤ ਵਿਚੋਂ

ਸਭ ਤੋਂ ਜ਼ਿਆਦਾ ਪੰਜਾਬ ਵਿੱਚ ਦੇਖਣ ਨੂੰ ਮਿਲਦਾ ਹੈ।ਖਾਸ ਕਰਕੇ ਸਿੱਖ ਕਿਸਾਨ ਜਿਨ੍ਹਾਂ ਦੀ ਮਿਹਨਤ ਪੂਰੇ ਭਾਰਤ ਵਿੱਚ ਪ੍ਰਸਿੱਧ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਕਰਤਾਰਪੁਰ ਸਾਹਿਬ ਵਿਖੇ ਰਾਵੀ ਨਦੀ ਦੇ ਕੰਢੇ ਵਿਖੇ ਖੇਤੀ ਕਰਨੀ ਸ਼ੁਰੂ ਕੀਤੀ ਸੀ। ਉਹਨਾਂ ਨੇ ਉੱਥੇ ਲੰਗਰ ਪ੍ਰਥਾ ਵੀ ਸ਼ੁਰੂ ਕੀਤੀ ਜੋ ਕਿ ਸੰਸਾਰ ਵਿੱਚ ਕਿਤੇ ਦੇਖਣ ਨੂੰ ਨਹੀਂ ਮਿਲਦੀ । ਇਸ ਨੇ ਜਾਤੀ ਪ੍ਰਥਾ ਦੇ ਬੰਧਨਾਂ ਨੂੰ ਤੋੜਿਆ। ਇਸ ਕਾਰਨ ਪੂਰੇ ਸਮੁਦਾਇ ਦੇ ਲੋਕ ਖੇਤੀਬਾੜੀ ਵਿੱਚ ਲੱਗੇ ਹੋਏ ਹਨ। 'ਰਾਮਗੜੀਆ' ਸਮੁਦਾਇ ਜੋ ਕਾਰੀਗਰ ਜਾਂ ਇੰਜੀਨੀਅਰ ਅਖਵਾਉਂਦੇ ਹਨ ਉਹਨਾਂ ਨੇ ਤਾਂ ਪੰਜਾਬ ਦੀ ਖੇਤੀਬਾੜੀ ਵਿੱਚ ਵੱਡਾ ਹਿੱਸਾ ਅਦਾ ਕੀਤਾ ਤੇ ਉਹਨਾਂ ਦੁਆਰਾ ਬਣਾਏ ਔਜ਼ਾਰਾ ਦੀ ਪੂਰੇ ਭਾਰਤ ਵਿੱਚ ਮੰਗ ਹੈ। ਅਰੋੜਾ, ਖੱਤਰੀ, ਬਾਣੀਏ ਜੋ ਪੜ੍ਹੇ ਲਿਖੇ ਹਨ ਮੱਧ ਵਰਗ ਦੀ ਅਗਵਾਈ ਕਰਦੇ ਹੋਏ ਖੇਤੀਬਾੜੀ ਵਿੱਚ ਵੱਡਾ ਰੋਲ ਅਦਾ ਕਰ ਰਹੇ ਹਨ।

1950 ਤੋਂ ਬਾਅਦ ਪੰਜਾਬ ਵਿੱਚ ਲੱਗਣ ਵਾਲੇ ਟਿਊਬਵੈੱਲ ਨੇ ਵੀ ਹਰੀ ਕ੍ਰਾਂਤੀ ਲਿਆਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਇਸ ਨੇ ਖੇਤੀ ਦੇ ਰਕਬੇ ਵਿੱਚ ਬਹੁਤ ਵਾਧਾ ਕੀਤਾ। ਸਰਕਾਰ ਵੱਲੋਂ ਵੀ ਬਹੁਤ ਸਾਰੇ ਖੇਤੀਬਾੜੀ ਸਬੰਧੀ ਸੁਧਾਰਾਂ ਨੇ ਵੀ ਹਰੀ ਕ੍ਰਾਂਤੀ ਨੂੰ ਲਿਆਉਣ ਵਿੱਚ ਮਦਦ ਕੀਤੀ। ਸਰਕਾਰ ਦਾ ਖੇਤੀਬਾੜੀ ਉਤਪਾਦਨ ਨੂੰ ਵਧਾਉਣ ਅਤੇ ਸਮਾਜਿਕ ਸਮਾਨਤਾ ਲਿਆਉਣ ਵਿੱਚ ਬਹੁਤ ਯੋਗਦਾਨ ਪਾਇਆ। ਆਰਭਿੰਕ 50 ਸਾਲਾਂ ਦੇ ਸਮੇਂ ਦੇ ਦੌਰਾਨ ਬਹੁਤ ਸਾਰੇ ਕਾਨੂੰਨ ਜਿਵੇਂ East Punjab Utilization of Land Act, 1949, The Punjab occupancy tenants Act 1952, The Punjab Abolition of Ala Malkiyat and Talukdori Rights Act 1953, Patiala and East Punjab States Union Abolition of Biswedori ordinance 2006, B.K and the PEPSU Tenancy and Agricultural Lands Act 1955[6].

ਜਿਸਦਾ ਨਤੀਜਾ ਇਹ ਨਿਕਲਿਆ ਕਿ ਕਿਸਾਨਾਂ ਨੇ ਜ਼ਿਆਦਾ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। State Department of Agriculture ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੋਨਾਂ ਨੇ ਮਿਲ ਕੇ ਪੰਜਾਬ ਦੀ ਖੇਤੀਬਾੜੀ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਪਾਇਆ। Development Department ਵਾਲਿਆਂ ਨੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਨਵੀਂ ਤਕਨੀਕ ਬਾਰੇ ਜਾਗ੍ਰਿਤ ਕੀਤਾ।ਸਾਰੀ ਜ਼ਿੰਮੇਵਾਰੀ ਇਸ ਸਮੇਂ ਡਿਪਟੀ ਕਮਿਸ਼ਨਰਾਂ ਨੂੰ ਦਿੱਤੀ ਜਿੰਨ੍ਹਾਂ ਨੇ Block Development ਅਤੇ ਪੰਚਾਇਤਾਂ ਨਾਲ ਮਿਲ ਕੇ ਕੰਮ ਕੀਤਾ। 1962 ਵਿੱਚ ਜਦੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਖੁੱਲ੍ਹੀ ਤਾਂ ਇਸ ਨੇ ਖੇਤੀਬਾੜੀ ਸੰਬੰਧੀ ਕਈ ਕੋਰਸ ਸ਼ੁਰੂ ਕੀਤੇ ਤੇ ਨਵੀਂ ਤਕਨੀਕ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ।ਪਿੰਡਾਂ ਦੀਆਂ ਪੰਚਾਇਤਾਂ ਨੇ ਵੀ ਇਸ ਵਿੱਚ ਬਹੁਤ ਯੋਗਦਾਨ ਪਾਇਆ। ਗ੍ਰਾਮ ਸੇਵਕਾਂ ਦੀ ਵੀ ਇਸ ਸਬੰਧੀ ਜ਼ੁੰਮੇਵਾਰੀ ਲਗਾਈ ਗਈ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਫਾਰਮਰਜ਼ ਟਰੇਨਿੰਗ ਸੈਂਟਰ ਅੰਮ੍ਰਿਤਸਰ ਵੀ ਖੋਲ੍ਹੇ ਗਏ ਜਿੱਥੇ ਕਿਸਾਨਾਂ ਨੂੰ ਖੇਤੀਬਾੜੀ ਦੀ ਨਵੀਂ ਤਕਨੀਕ ਸਿਖਾਈ ਗਈ। ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਵੀ ਖੇਤੀਬਾੜੀ ਸੰਬੰਧੀ ਵਿਸ਼ਾ ਪੜ੍ਹਾਇਆ ਜਾਣ ਲੱਗਾ ਤਾਂ ਜੋ ਖੇਤੀਬਾੜੀ ਦੀ ਪੂਰੀ ਜਾਣਕਾਰੀ ਦਿੱਤੀ ਜਾ ਸਕੇ। ਬਹੁਤ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਜੋ ਖਾਦਾਂ ਬੀਜਾਂ ਜਾਂ ਹੋਰ ਮਸ਼ੀਨਰੀ ਦਾ ਉਤਪਾਦਨ ਕਰ ਰਹੀਆਂ ਸਨ ਉਹਨਾਂ ਨੇ ਵੀ ਕਿਸਾਨਾਂ ਨੂੰ ਜਾਗ੍ਰਿਤ ਕੀਤਾ। ਆਲ ਇੰਡੀਆ ਰੇਡਿਓ ਅਤੇ ਟੈਲੀਵਿਜ਼ਨ ਦੇ ਪ੍ਰਯੋਗ ਨੇ ਵੀ ਇਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਰੇਡੀਓ ਤੋਂ ਪ੍ਰਸਾਰਿਤ ਹੁੰਦੇ ਕਈ ਪ੍ਰੋਗਰਾਮਾ ਜ਼ਰੀਏ ਜਿਵੇਂ 'ਖੇਤੀਬਾੜੀ' ਉੱਨਤ ਖੇਤੀ, ਖੇਤ-ਖਲਵਾੜ ਨੇ ਸਮੇਂ ਤੇ ਅਲੱਗ-ਅਲੱਗ ਜਾਣਕਾਰੀ ਦੇ ਕੇ ਹਰੀ ਕ੍ਰਾਂਤੀ ਨੂੰ ਹੋਰ ਵੀ ਮਜ਼ਬੂਤ ਕੀਤਾ।

ਖੇਤੀਬਾੜੀ ਦੀ ਉੱਨਤੀ ਵਿੱਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਵੀ ਬਹੁਤ ਵੱਡੀ ਭੂਮਿਕਾ ਅਦਾ ਕੀਤੀ । ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ 1948-49 ਜਿਸ ਨੂੰ ਰਾਧਾ ਕ੍ਰਿਸ਼ਨਨ ਰਿਪੋਰਟ ਵੀ ਕਿਹਾ ਜਾਂਦਾ ਹੈ। ਉਸ ਵਿੱਚ ਵੀ ਖੇਤੀਬਾੜੀ ਦੇ ਵਿਕਾਸ ਤੇ ਜ਼ੋਰ ਦਿੱਤਾ ਗਿਆ ਅਤੇ ਉਸ ਵਿੱਚ ਵੀ ਪੇਂਡੂ ਯੂਨੀਵਰਸਿਟੀ ਖੋਲ੍ਹਣ ਤੇ ਜ਼ੋਰ ਦਿੱਤਾ ਗਿਆ ਸੀ ਤਾਂ ਜੋ ਖੇਤੀਬਾੜੀ ਸਬੰਧੀ ਪੜ੍ਹਾਈ, ਖੋਜ ਕੀਤੀ ਜਾ ਸਕੇ। M.S. Randhawa ਦੀਆਂ ਕੋਸ਼ਿਸ਼ਾਂ ਕਾਰਨ ਇਸ ਵਿੱਚ ਬਹੁਤ ਤਰੱਕੀ ਕੀਤੀ ਗਈ। ਨਵੇਂ ਵਿਭਾਗ ਖੋਲ੍ਹੇ ਗਏ ਅਤੇ ਇਸ ਯੂਨੀਵਰਸਿਟੀ ਦੁਆਰਾ ਦੂਸਰੀਆਂ ਯੂਨੀਵਰਸਿਟੀਆਂ ਨਾਲ ਤਾਲ ਮੇਲ ਸਥਾਪਿਤ ਕਰਕੇ ਕਈ ਨਵੇਂ

ਤਜ਼ਰਬੇ ਸ਼ੁਰੂ ਕੀਤੇ ਗਏ। ਕਣਕ, ਚਾਵਲ ਮੰਗ ਅਤੇ ਕਈ ਹੋਰ ਫਸਲਾਂ ਦੇ ਨਵੇਂ ਬੀਜ ਲਿਆਂਦੇ ਗਏ।

ਕੋਪਰੇਟਿਵ ਸੰਸਥਾ ਨੇ ਵੀ ਹਰੀ ਕ੍ਰਾਂਤੀ ਲਿਆਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ । ਪੰਜਾਬ ਵਿੱਚ ਕੋਪਰੇਟਿਵ ਪ੍ਰਣਾਲੀ 1967 ਵਿੱਚ ਲਾਗੂ ਕੀਤੀ ਗਈ ਤੇ ਘੱਟ ਵਿਆਜ਼ ਤੇ ਪੈਸੇ ਇਸ ਦੁਆਰਾ ਦਿੱਤੇ ਜਾਣ ਲੱਗੇ। ਇਸ ਦੁਆਰਾ ਕਿਸਾਨਾਂ ਨੂੰ Fertilizers ਅਤੇ ਹੋਰ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ। ਜਦੋਂ ਪੰਜ ਸਾਲਾਂ ਯੋਜਨਾਵਾਂ ਲਾਗੂ ਹੋਈਆਂ ਤਾਂ ਇਸ ਵਿੱਚ ਹੋਰ ਵੀ ਉੱਨਤੀ ਹੋਣੀ ਸ਼ੁਰੂ ਹੋ ਗਈ। 1960 ਈ.ਤੋਂ ਬਾਅਦ ਤਾਂ Fertilizers ਨੂੰ ਵੰਡਣ ਦਾ ਕੰਮ ਐਗਰੀਕਲਚਰ Department ਤੋਂ ਕੋ-ਆਪਰੇਟਿਵ ਸੋਸਾਇਟੀਆਂ ਦੇ ਹੱਥਾਂ ਵਿੱਚ ਆ ਗਿਆ। ਕਣਕ ਦੇ ਉਤਪਾਦਨ ਵਧਣ ਨਾਲ ਮਾਰਕਿਟ ਦੀ ਸਮੱਸਿਆ ਪੈਦਾ ਹੋ ਗਈ। ਜੇਕਰ ਫਸਲਾਂ ਵੇਚਣ ਲਈ ਮੰਡੀਆਂ ਨਹੀਂ ਹੋਣਗੀਆਂ ਤਾਂ ਕੀਮਤ ਘੱਟ ਜਾਵੇਗੀ। ਇਸ ਨੁਕਸਾਨ ਤੋਂ ਬਚਣ ਲਈ ਸਰਕਾਰ ਵੱਲੋਂ ਮੰਡੀਆਂ ਦੀਆਂ ਅਲੱਗ ਕਮੇਟੀਆਂ ਬਣਾਈਆ ਗਈਆਂ ਅਤੇ ਸਖਤ ਹਦਾਇਤਾਂ ਦਿੱਤੀਆਂ ਗਈਆਂ ਕਿ ਕਿਸਾਨਾਂ ਦੀਆਂ ਫਸਲਾਂ ਦੀ ਪੂਰੀ ਕੀਮਤ ਦਿੱਤੀ ਜਾਵੇ।।

ਹਰੀ ਕ੍ਰਾਂਤੀ ਲਿਆਉਣ ਵਿੱਚ ਰਾਮਗੜ੍ਹੀਆ ਸਿੱਖਾਂ ਦਾ ਵੀ ਬਹੁਤ ਯੋਗਦਾਨ ਹੈ। ਜਿਨ੍ਹਾਂ ਨੇ ਉਹਨਾਂ ਲਈ ਖੇਤੀ ਮਸ਼ੀਨਰੀ ਦਾ ਨਿਰਮਾਣ ਕੀਤਾ। ਉਹਨਾਂ ਦੀਆਂ ਇੱਕ ਕਮਰੇ ਦੀਆਂ ਦੁਕਾਨਾਂ ਵਿੱਚ ਹੀ ਸਭ ਤੋਂ ਪਹਿਲਾਂ ਪ੍ਰਸ਼ੀਅਨ ਵੀਲ, Steel Ploughs and Cane Crushers ਆਏ। ਫਿਰ ਉਹਨਾਂ ਨੂੰ ਖੇਤੀ ਦੇ ਪ੍ਰਯੋਗ ਲਈ ਵਰਤਿਆ ਜਾਣ ਲੱਗਾ ਇਸ ਦੀ ਇੱਕ ਉਦਾਹਰਣ ਸੁੰਦਰ ਸਿੰਘ ਦੀ ਹੈ। ਜਿੰਨ੍ਹਾਂ ਨੇ ਪਰਸ਼ੀਅਨ ਵੀਲ ਸ਼ੁਰੂ ਕੀਤਾ ਤੇ ਖਾਸ ਕਰ ਥਰੈਸ਼ਰ ਮਸ਼ੀਨਰੀ ਲਿਆਉਣ ਵਿੱਚ ਵੱਡਾ ਯੋਗਦਾਨ ਦਿੱਤਾ ਜਿਸ ਨਾਲ ਕਣਕ ਦੀ ਖੇਤੀ ਹੋਰ ਵੀ ਅਸਾਨ ਹੋ ਗਈ। ਪੰਜਾਬ ਦੇ ਕਾਰੀਗਰਾਂ ਨੇ ਵੀ ਇੱਕ ਬਹੁਤ ਵੱਡਾ ਰੋਲ ਅਦਾ ਕੀਤਾ। ਖਾਸ ਕਰ ਬੀਜ਼ ਡਰਿੱਲ ਅਤੇ ਪੌਦਿਆਂ ਨੂੰ ਲਗਾਉਣ ਵਿੱਚ। ਉਹਨਾਂ ਨੇ ਪਿੰਡਾਂ ਵਿੱਚ ਬਾਹਰੋਂ ਆ ਕੇ ਖੇਤੀ ਕ੍ਰਾਂਤੀ ਵਿੱਚ ਵੱਡਾ ਰੋਲ ਅਦਾ ਕੀਤਾ।

ਪੰਜਾਬ ਦੀ ਹਰੀ ਕ੍ਰਾਂਤੀ ਵਿੱਚ ਯੋਗਦਾਨ ਇੱਥੋਂ ਦੇ ਦਰਿਆਵਾਂ ਨੇ ਵੀ ਪਾਇਆ। ਪਾਣੀ ਤੋਂ ਬਿਨਾਂ ਖੇਤੀਬਾੜੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਟਿਊਬਵੈੱਲ ਜੋ ਕਿਸਾਨਾਂ ਨੇ ਖੁਦ ਖੋਦੇ ਸਨ ਨੇ ਵੀ ਸਿੰਚਾਈ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਜਿੱਥੇ ਟਿਊਬਵੈੱਲ ਨਹੀਂ ਸਨ ਉੱਥੇ ਖੂਹ ਖੋਦੇ ਗਏ ਜਿਸ ਨਾਲ ਖੇਤਾਂ ਨੂੰ ਪਾਣੀ ਪਹੁੰਚਾਇਆ ਜਾਂਦਾ ਸੀ। ਬਿਜਲੀ ਦੀ ਖੋਜ ਨਾਲ ਇਹ ਸਾਰਾ ਕੁੱਝ ਸੰਭਵ ਹੋ ਸਕਿਆ। ਭਾਖੜਾ ਡੈਮ ਵਰਗੇ ਵੱਡੇ ਪ੍ਰੋਜੈਕਟ ਬਣਾ ਕੇ ਬਿਜਲੀ ਦਾ ਉਤਪਾਦਨ ਕੀਤਾ ਜਾਣ ਲੱਗਾ ਜਿਸਨੇ ਹਰੀ ਕ੍ਰਾਂਤੀ ਵਿੱਚ ਵੱਡਾ ਰੋਲ ਅਦਾ ਕੀਤਾ।

ਹਰੀ ਕ੍ਰਾਂਤੀ ਵਿੱਚ ਸੜਕਾਂ ਨੇ ਵੀ ਮਹੱਤਵਪੂਰਨ ਹਿੱਸਾ ਪਾਇਆ। ਸਰਕਾਰ ਨੇ ਜਦੋਂ ਇਹਨਾਂ ਵੱਲ ਧਿਆਨ ਦਿੱਤਾ ਤਾਂ ਆਰਥਿਕ ਖੇਤਰ ਵਿੱਚ ਬਹੁਤ ਵੱਡੀ ਤਬਦੀਲੀ ਦੇਖਣ ਨੂੰ ਮਿਲੀ। ਕਿਸਾਨ ਹੁਣ ਅਸਾਨੀ ਨਾਲ ਸ਼ਹਿਰੀ ਮਾਰਕਿਟ ਤੱਕ ਪਹੁੰਚ ਕਰ ਸਕਦਾ ਸੀ। ਉਹਨਾਂ ਨਵੇਂ ਬੀਜ ਜਿਵੇਂ ਆਲੂ ਅਤੇ ਸਬਜ਼ੀਆਂ ਨੂੰ ਸ਼ਹਿਰਾਂ ਵਿੱਚ ਅਸਾਨੀ ਨਾਲ ਖਰੀਦ ਸਕਦਾ ਸੀ ਤੇ ਵੇਚ ਕੇ ਮੁਨਾਫਾ ਕਮਾਂ ਸਕਦਾ ਸੀ। ਸੜਕਾਂ ਨੇ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਉਦਯੋਗਾ ਨੂੰ ਵੀ ਕਾਫੀ ਪ੍ਰਭਾਵਿਤ ਕੀਤਾ। ਕਿਸਾਨਾਂ ਨੇ ਸੜਕਾਂ ਤੇ ਹੁਣ ਸਾਈਕਲ ਤੇ ਟਰੈਕਟਰ ਅਤੇ ਹੋਰ ਮਸ਼ੀਨਰੀ ਚਲਾਉਣੀ ਸ਼ੁਰੂ ਕੀਤੀ। ਕਿਸਾਨਾਂ ਦੇ ਬੱਚਿਆਂ ਨੂੰ ਹੁਣ ਸ਼ਹਿਰਾਂ ਵਿੱਚ ਜਾ ਕੇ ਪੜ੍ਹਨ ਦੀ ਸਹੂਲਤ ਵੀ ਮਿਲਣ ਲੱਗੀ। ਸਰਕਾਰ ਨੇ ਵੀ ਸੜਕਾਂ ਦੇ ਨਿਰਮਾਣ ਵੱਲ ਕਾਫੀ ਧਿਆਨ ਦਿੱਤਾ ਕਿਉਂਕਿ ਉਸਨੇ ਵੀ ਮਹਿਸੂਸ ਕਰ ਲਿਆ ਸੀ ਕਿ ਬਿਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜੇ ਕੋਈ ਵੀ ਵਿਕਾਸ ਸੰਭਵ ਨਹੀਂ ਹੈ।

ਇਸ ਤਰ੍ਹਾਂ ਹਰੀ ਕ੍ਰਾਂਤੀ ਲਿਆਉਣ ਵਿੱਚ ਬਹੁਤ ਸਾਰੇ ਤੱਤਾਂ ਨੇ ਆਪਣਾ ਯੋਗਦਾਨ ਪਾਇਆ। ਖਾਸ ਕਰ ਕਣਕ ਦਾ ਉਤਪਾਦਨ ਜੋ ਕੇ ਵੱਧ ਕਿ ਪੂਰੇ ਭਾਰਤ ਦਾ ¼ ਭਾਗ ਦਾ ਉਤਪਾਦਨ ਕਰ ਰਿਹਾ ਹੈ। ਇਹ ਮਨੁੱਖੀ ਹਿੰਮਤ ਅਤੇ ਤਕਨੀਕਾਂ ਦਾ ਹੀ ਪ੍ਰਭਾਵ ਸੀ। ਹਰੀ ਕ੍ਰਾਂਤੀ ਆਉਣ ਦੇ ਇੱਕ ਹੋਰ ਕਾਰਨ ਇਹ ਹੈ ਕਿ ਪੰਜਾਬ ਬਾਕੀ ਭਾਰਤ ਨਾਲੋਂ ਕਈ ਕਾਰਨਾਂ ਕਰਕੇ ਵੱਖਰਾ ਹੈ। ਜਿਵੇਂ ਕਿ ਇੱਥੋਂ ਦੇ ਲੋਕ ਜ਼ਿਆਦਾ ਪੜ੍ਹੇ ਲਿਖੇ ਹਨ। ਪੰਜਾਬ ਵਿੱਚ ਬਹੁਤ ਸਾਰੇ ਨੌਕਰੀਆਂ ਤੋਂ ਰਿਟਾਇਰ ਹੋਏ ਲੋਕ ਤੇ ਸੈਨਿਕ ਹਨ ਜੋ ਰਿਟਾਇਰਮੈਂਟ ਤੋਂ ਬਾਅਦ ਖੇਤੀਬਾੜੀ ਦਾ ਕੰਮ ਵਧੇਰੇ ਤਜਰਬੇ

ਨਾਲ ਕਰ ਰਹੇ ਹਨ। ਬਹੁਤ ਸਾਰੇ ਅਧਿਆਪਕ, ਸਰਕਾਰੀ ਅਧਿਕਾਰੀ, ਸਿਪਾਹੀ, ਟਰੱਕ ਅਤੇ ਟੈਕਸੀ ਡਰਾਈਵਰ ਜੋ ਅਲੱਗ-ਅਲੱਗ ਭਾਗਾਂ ਵਿੱਚ ਕੰਮ ਕਰਦੇ ਹਨ ਤੇ ਉਹਨਾਂ ਦੀਆਂ ਜੜ੍ਹਾਂ ਪੰਜਾਬ ਵਿੱਚ ਹਨ ਉਹਨਾਂ ਨੇ ਵੀ ਇਸ ਖੇਤਰ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਉਹ ਆਪ ਵੀ ਬੱਚਤ ਨੂੰ ਪੰਜਾਬ ਦੀ ਖੇਤੀਬਾੜੀ ਤੇ ਲਗਾ ਰਹੇ ਹਨ। ਬਹੁਤ ਸਾਰੇ ਖੇਤੀ ਕਰਨ ਵਾਲੇ ਪਰਿਵਾਰ ਪੜ੍ਹੇ- ਲਿਖੇ ਹਨ ਜਦਕਿ ਬਾਕੀ ਭਾਰਤ ਵਿੱਚ ਜ਼ਿਆਦਾਤਰ ਅਨਪੜ੍ਹ ਕਿਸਾਨ ਪਰਿਵਾਰ ਹਨ।

ਹਰੀ ਕ੍ਰਾਂਤੀ ਦਾ ਇੱਕ ਸਮਾਜਿਕ ਅਧਾਰ ਇਹ ਵੀ ਹੈ ਕਿ ਪਾਕਿਸਤਾਨ ਜਾਂ ਮੈਕਸੀਕੋ ਵਿੱਚ ਜ਼ਮੀਨ ਵਿੱਚ ਸਮਾਨਤਾ ਵੀ ਨਹੀਂ ਹੈ । ਉੱਥੇ ਜਾਂ ਤਾਂ ਕਿਸਾਨਾਂ ਕੋਲ ਬਹੁਤ ਜ਼ਮੀਨਾਂ ਹਨ ਜਾਂ ਬਹੁਤ ਘੱਟ ਪਰ ਭਾਰਤੀ ਪੰਜਾਬ ਵਿੱਚ ਅਜਿਹਾ ਨਹੀਂ ਹੈ। ਇੱਥੇ ਤਕਰੀਬਨ ਜ਼ਮੀਨਾਂ ਦੀ ਸਮਾਨ ਵੰਡ ਹੋਈ ਹੈ। ਜਿਸ ਕਾਰਨ ਖੇਤੀਬਾੜੀ ਦਾ ਲਾਭ ਹਰ ਇੱਕ ਨੂੰ ਸਮਾਨ ਰੂਪ ਵਿੱਚ ਮਿਲ ਰਿਹਾ ਹੈ। ਕੁੱਝ ਵਿਦਵਾਨ ਕਹਿੰਦੇ ਹਨ ਕਿ ਪੰਜਾਬ ਵਿੱਚ ਵੀ ਹਰੀ ਕ੍ਰਾਂਤੀ ਦਾ ਪ੍ਰਭਾਵ ਸਮਾਨ ਰੂਪ ਵਿੱਚ ਦੇਖਣ ਨੂੰ ਨਹੀਂ ਮਿਲਦਾ। ਸਿਰਫ ਵੱਡੀਆਂ ਜ਼ਮੀਨਾਂ ਦੇ ਮਾਲਕ ਹੀ ਹਰੀ ਕ੍ਰਾਂਤੀ ਦੇ ਕਾਰਨ ਤਰੱਕੀ ਕਰ ਸਕੇ ਹਨ। ਪਰ ਅਜਿਹਾ ਨਹੀਂ ਹੈ ਛੋਟੇ ਕਿਸਾਨ ਵੀ ਟਿਊਬਵੈੱਲ ਲਗਾ ਕੇ ਤੇ ਮਿਹਨਤ ਕਰਕੇ ਪੈਸਾ ਕਮਾ ਰਹੇ ਹਨ । ਇੱਥੋਂ ਤੱਕ ਕਿ ਮਜ਼ਦੂਰਾਂ ਦੀ ਮਜ਼ਦੂਰੀ ਵੀ ਬਹੁਤ ਵੱਧ ਗਈ ਹੈ।

ਪੰਜਾਬ ਦੀ ਹਰੀ ਕ੍ਰਾਂਤੀ ਨੇ ਨਾ ਸਿਰਫ ਦੇਸ਼ ਨੂੰ ਬਚਾਇਆ ਬਲਕਿ ਦੇਸ਼ ਦੀ ਆਰਿਥਕ ਅਵਸਥਾ ਨੂੰ ਵੀ ਉੱਪਰ ਚੁੱਕਿਆ ਹੈ। ਸ਼ਹਿਰਾਂ ਵਿੱਚ ਨਵੀਆਂ ਮਾਰਕਿਟਾਂ ਸਥਾਪਿਤ ਹੋ ਚੁੱਕੀਆਂ ਹਨ ਜਿੱਥੇ ਕਿਸਾਨਾਂ ਦੀਆਂ ਵਾਧੂ ਫਸਲਾਂ ਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਟਰੈਕਟਰ, ਥਰੈਸ਼ਰ, ਬਿਜਲੀ ਨਾਲ ਚੱਲਣ ਵਾਲੇ ਮੋਟਰ ਪੰਪ ਨੇ ਖੇਤੀਬਾੜੀ ਵਿੱਚ ਬਹੁਤ ਉਨੱਤੀ ਕੀਤੀ ਹੈ। ਪੰਜਾਬ ਨੇ ਦੂਜੇ ਦੇਸ਼ਾਂ ਨਾਲ ਵੀ ਲਿੰਕ ਸਥਾਪਿਤ ਕੀਤੇ ਹੋਏ ਹਨ ਜੋ ਉਹਨਾਂ ਨੂੰ ਸਮੇਂ-ਸਮੇਂ ਤੇ ਨਵੀਂ ਤਕਨੀਕ ਬਾਰੇ ਦਸਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਹੁਣ ਕਿਸਾਨਾਂ ਦੀ ਵੀ ਕਦਰ ਕੀਤੀ ਜਾਂਦੀ ਹੈ। ਪੰਜਾਬ ਵਿੱਚ ਖੇਤੀਬਾੜੀ ਦੀ ਉੱਨਤੀ ਕਾਰਨ ਲੋਕਾਂ ਨੇ ਬਹੁਤ ਤਰੱਕੀ ਕਰ ਲਈ ਹੈ ਜਿਸ ਕਾਰਨ ਇੱਥੋਂ ਦੇ ਹਰੀਜਨਾਂ ਨੇ ਖੇਤੀਬਾੜੀ ਦਾ ਕੰਮ ਛੱਡ ਕੇ ਪੜ੍ਹ- ਲਿਖ ਕੇ ਨੌਕਰੀਆਂ ਕਰਨੀਆਂ ਸ਼ੁਰੂ ਕਰ ਦਿੱਤੀ ਹਨ ਜਿਸ ਦਾ ਨਤੀਜਾ ਇਹ ਹੋਇਆ ਦੂਜੇ ਰਾਜਾਂ ਵਿੱਚੋਂ ਮਜ਼ਦੂਰ ਇੱਥੇ ਆ ਕੇ ਕੰਮ ਕਰਨ ਲੱਗੇ ਹਨ। ਜਿਸ ਕਾਰਨ ਖੇਤੀਬਾੜੀ ਦੇ ਵਿਕਾਸ ਤੇ ਕੋਈ ਅਸਰ ਨਹੀਂ ਪਿਆ।

ਪਰ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਵਿੱਚ ਅਜ਼ਾਦੀ ਤੋਂ ਬਾਅਦ ਹਰੀ ਕ੍ਰਾਂਤੀ ਆਈ ਤੇ ਕਿਸਾਨਾਂ ਦੀ ਹਾਲਤ ਵੀ ਸੁਧਰੀ।ਪੰਜਾਬ ਦੀ ਖੇਤੀਬਾੜੀ ਨੇ ਜਿੱਥੇ ਭਾਰਤ ਨੂੰ ਮਾਣ ਦਿਵਾਇਆ ਉੱਥੇ ਆਰਥਿਕ ਖੇਤਰ ਵਿੱਚ ਵੀ ਉੱਪਰ ਚੁੱਕਿਆ ਪਰ ਜੇ ਅਸੀਂ ਅੱਜ ਦੇ ਹਾਲਾਤ ਦੇਖੀਏ ਤਾਂ ਕਿਸਾਨਾਂ ਦੀ ਹਾਲਤ ਫਿਰ ਮਾੜੀ ਹੋ ਗਈ ਹੈ। ਉਹਨਾਂ ਸਿਰ ਕਰਜ਼ੇ ਚੜ੍ਹੇ ਹੋਏ ਹਨ ਹਰ ਰੋਜ਼ ਕੋਈ ਨਾ ਕੋਈ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਲੋੜ ਹੈ ਨਵੀਆਂ ਨੀਤੀਆਂ ਬਣਾਉਣ ਦੀ ਤਾਂ ਜੋ ਫਿਰ ਪਹਿਲਾਂ ਵਰਗੀ ਹਰੀ ਕ੍ਰਾਂਤੀ ਲਿਆਂਦੀ ਜਾ ਸਕੇ।

**ਹਵਾਲੇ**

1. ਗੁਲਜ਼ਾਰ ਸਿੰਘ ਸੰਧੂ, ਐੱਮ.ਐੱਸ ਰੰਧਾਵਾ ਇੱਕ ਬਹੁ-ਮੁੱਖੀ ਪ੍ਰਤਿਭਾ, ਅਭਿਨੰਦਨ ਗ੍ਰੰਥ, ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ. 49
2. ਐੱਮ.ਐੱਸ ਸਵਾਮੀਨਾਥਨ, ਡਾ.ਐਮ.ਐੱਸ ਰੰਧਾਵਾ ਅਤੇ ਖੇਤੀਬਾੜੀ ਪੁਨਰਜਾਗ੍ਰਿਤੀ ਭਾਰਤ ਵਿੱਚ ਮੇਕਰ ਆਫ ਔਰ ਮੌਡਰਨ ਇੰਡੀਆ, ਡਾ. ਮਨਜੀਤ ਸਿੰਘ ਕੰਗ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, 2009 , ਪੰਨਾ. 1
3. ਐੱਮ.ਐੱਸ. ਸਵਾਮੀਨਾਥਨ- ਡਾ.ਐਮ.ਐੱਸ ਰੰਧਾਵਾ ਅਤੇ ਖੇਤੀਬਾੜੀ ਪੁਨਰਜਾਗ੍ਰਿਤੀ ਭਾਰਤ ਵਿੱਚ ਮੇਕਰ ਆਫ ਔਰ ਮੌਡਰਨ ਇੰਡੀਆ, ਡਾ. ਮਨਜੀਤ ਸਿੰਘ ਕੰਗ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, 2009 , ਪੰਨਾ. 2
4. ਐੱਮ.ਐੱਸ. ਰੰਧਾਵਾ, ਹਰੀ ਕ੍ਰਾਂਤੀ, ਵਿਕਾਸ ਪਬਲੀਸ਼ਰਜ਼, ਦਿੱਲੀ, 1974, ਪੰਨਾ. 3-6
5. Norman Scott, A History of Agriculture in Europe and America, London, P.P. 208, 209
6. ਐੱਮ.ਐੱਸ ਰੰਧਾਵਾ, ਹਰੀ ਕ੍ਰਾਂਤੀ, ਵਿਕਾਸ ਪਬਲੀਸ਼ਰਜ਼, ਦਿੱਲੀ, 1974, ਪੰਨਾ. 47